ਪੰਜਾਬੀ / PUNJABI

ਪੇਪਰ I / Paper I

(ਸਾਹਿਤ) / (LITERATURE)

ਨਿਰਧਾਰਿਤ ਸਮਾਂ : **ਤਿੰਨ** ਘੰਟੇ *Time Allowed : **Three** Hours*	ਕੁੱਲ ਅੰਕ : **250** *Maximum Marks : **250***

ਪ੍ਰਸ਼ਨ ਪੱਤਰ ਲਈ ਵਿਸ਼ੇਸ਼ ਹਦਾਇਤਾਂ

ਕ੍ਰਿਪਾ ਕਰਕੇ ਪ੍ਰਸ਼ਨਾਂ ਦਾ ਉੱਤਰ ਦੇਣ ਤੋਂ ਪਹਿਲਾਂ ਨਿਮਨ ਲਿਖਿਤ ਹਦਾਇਤਾਂ ਨੂੰ ਧਿਆਨ ਨਾਲ ਪੜ੍ਹੋ :

ਪ੍ਰਸ਼ਨ ਪੱਤਰ ਵਿੱਚ ਕੁਲ **ਅੱਠ** ਪ੍ਰਸ਼ਨ ਹਨ ਜੋ **ਦੋ ਭਾਗਾਂ** ਵਿਚ ਵੰਡੇ ਹੋਏ ਹਨ ।

ਉਮੀਦਵਾਰ ਨੇ ਕੁਲ **ਪੰਜ** ਪ੍ਰਸ਼ਨ ਕਰਨੇ ਹਨ ।

ਪ੍ਰਸ਼ਨ ਨੰਬਰ **1** ਅਤੇ **5** ਲਾਜ਼ਮੀ ਹਨ । ਬਾਕੀ ਪ੍ਰਸ਼ਨਾਂ ਵਿਚੋਂ ਕੋਈ **ਤਿੰਨ** ਪ੍ਰਸ਼ਨ ਕਰੋ ਪਰੰਤੂ ਦੋਵੇਂ ਭਾਗਾਂ ਵਿਚੋਂ ਘੱਟੋ ਘੱਟ **ਇੱਕ-ਇੱਕ** ਪ੍ਰਸ਼ਨ ਜ਼ਰੂਰ ਚੁਣੋ ।

ਹਰ ਪ੍ਰਸ਼ਨ/ਭਾਗ ਦੇ ਅੰਕ ਉਸ ਦੇ ਨਾਲ ਹੀ ਦਸੇ ਗਏ ਹਨ ।

ਪ੍ਰਸ਼ਨਾਂ ਦੇ ਉੱਤਰ **ਪੰਜਾਬੀ ਭਾਸ਼ਾ (ਗੁਰਮੁਖੀ ਲਿਪੀ)** ਵਿਚ ਹੀ ਲਿਖੋ ।

ਪ੍ਰਸ਼ਨਾਂ ਦੇ ਉੱਤਰ ਲਈ ਸ਼ਬਦਾਂ ਦੀ ਸੀਮਾਂ ਜਿੱਥੇ ਵੀ ਦਿੱਤੀ ਹੈ, ਉਸ ਦੀ ਜ਼ਰੂਰ ਪਾਲਣਾ ਕਰੋ ।

ਪ੍ਰਸ਼ਨਾਂ ਦੇ ਉੱਤਰਾਂ ਦਾ ਮੁਲਾਂਕਣ ਕਰਦੇ ਸਮੇਂ ਉੱਤਰਾਂ ਦੀ ਕ੍ਰਮ ਲੜੀ ਨੂੰ ਸਾਹਮਣੇ ਰੱਖਿਆ ਜਾਵੇਗਾ । ਜਿਸ ਉੱਤਰ ਨੂੰ ਕਟਿਆ ਨਾ ਗਿਆ ਉਸ ਦਾ ਮੁਲਾਂਕਣ ਕਰ ਲਿਆ ਜਾਵੇਗਾ, ਭਾਵੇਂ ਉਹ ਅਧੂਰਾ ਹੀ ਹੋਇਆ ਹੋਵੇ । ਉੱਤਰ ਪੱਤਰੀ ਦਾ ਕੋਈ ਵੀ ਪੰਨਾ ਜਾਂ ਪੰਨੇ ਦਾ ਖਾਲੀ ਹਿੱਸਾ ਜੇ ਖਾਲੀ ਹੈ ਤਾਂ ਉਸ ਉਤੇ ਕਾਟਾ ਮਾਰਨਾ ਜ਼ਰੂਰੀ ਹੈ ।

Question Paper Specific Instructions

Please read each of the following instructions carefully before attempting questions :

*There are **EIGHT** questions divided in **TWO SECTIONS**.*

*Candidate has to attempt **FIVE** questions in all.*

*Question nos. **1** and **5** are compulsory and out of the remaining, any **THREE** are to be attempted choosing at least **ONE** question from each section.*

The number of marks carried by a question/part is indicated against it.

*Answers must be written in **PUNJABI (Gurumukhi script)**.*

Word limit in questions, wherever specified, should be adhered to.

Attempts of questions shall be counted in sequential order. Unless struck off, attempt of a question shall be counted even if attempted partly. Any page or portion of the page left blank in the Question-cum-Answer Booklet must be clearly struck off.

Optional Province · optionalprovince.com

SECTION A

Q1. ਹੇਠ ਲਿਖੇ ਸਾਰੇ ਪ੍ਰਸ਼ਨਾਂ ਦੇ ਉੱਤਰ ਦਿਉ । ਹਰ ਪ੍ਰਸ਼ਨ ਦਾ ਉੱਤਰ 150 ਸ਼ਬਦਾਂ ਤੱਕ ਸੀਮਿਤ ਰੱਖੋ । ***10×5=50***

(a) ਪੰਜਾਬੀ ਭਾਸ਼ਾ ਦੇ ਨਿਕਾਸ-ਸਰੋਤਾਂ ਉਪਰ ਆਪਣੇ ਵਿਚਾਰ ਪਰਗਟ ਕਰੋ । ਵਿਚਾਰਾਂ ਦੀ ਪੁਸ਼ਟੀ ਲਈ ਦਲੀਲਾਂ ਵੀ ਦਿਉ । *10*

(b) ਪੰਜਾਬੀ-ਭਾਸ਼ਾ ਦੀਆਂ ਉਪ-ਭਾਸ਼ਾਵਾਂ (dialects) ਕਿਹੜੀਆਂ ਹਨ ? ਇਨ੍ਹਾਂ ਵਿੱਚੋਂ ਕਿਹੜੀ ਉਪ-ਭਾਸ਼ਾ ਨੂੰ, ਚੜ੍ਹਦੇ ਪੰਜਾਬ ਵਿੱਚ 'ਟਕਸਾਲੀ ਭਾਸ਼ਾ' ਹੋਣ ਦਾ ਮਾਣ ਹਾਸਿਲ ਹੈ ਅਤੇ ਕਿਉਂ ? ਚਰਚਾ ਕਰੋ । *10*

(c) ਪੰਜਾਬੀ ਭਾਸ਼ਾ ਕਿਹੜੀ ਲਿੱਪੀ ਵਿੱਚ ਸ਼ੁੱਧ ਰੂਪ ਵਿੱਚ ਲਿਖੀ ਜਾ ਸਕਦੀ ਹੈ ? ਰੋਮਨ (ਅੰਗਰੇਜ਼ੀ), ਦੇਵਨਾਗਰੀ (ਹਿੰਦੀ), ਫ਼ਾਰਸੀ (ਉਰਦੂ) ਜਾਂ ਗੁਰਮੁਖੀ ਲਿੱਪੀ 'ਚੋਂ ਕਿਹੜੀ ਤੇ ਕਿਉਂ ? ਚਰਚਾ ਕਰੋ । *10*

(d) ਗੁਰਮੁਖੀ ਲਿੱਪੀ ਵਿੱਚ ਬਿੰਦੀ ਅਤੇ ਟਿੱਪੀ ਦੀ ਵਰਤੋਂ ਦੇ ਕੀ ਨਿਯਮ ਹਨ ? ਉਦਾਹਰਣਾਂ ਦੇ ਕੇ ਸਮਝਾਉ । *10*

(e) ਮੱਧਕਾਲੀ ਸਾਹਿਤ ਵਿੱਚ, ਗੁਰਮਤਿ-ਕਾਵਿ ਦੇ ਮਹੱਤਵ ਨੂੰ ਉੱਭਾਰਦੇ ਹੋਇਆਂ, ਇਸ ਕਾਵਿ ਦੀਆਂ ਸਾਹਿਤਕ ਤੇ ਇਤਿਹਾਸਕ ਵਿਸ਼ੇਸ਼ਤਾਵਾਂ ਬਿਆਨ ਕਰੋ । *10*

Q2. (a) ਪੰਜਾਬੀ ਭਾਸ਼ਾ ਦੀਆਂ ਭਾਸ਼ਾਈ ਵਿਸ਼ੇਸ਼ਤਾਵਾਂ ਬਾਰੇ ਵਿਸਤ੍ਰਿਤ ਚਰਚਾ ਕਰੋ । *20*

(b) ਪੰਜਾਬੀ ਭਾਸ਼ਾ ਦੇ ਮੂਲ ਲਗਾਖਰ ਕਿਹੜੇ ਹਨ ? ਇਨ੍ਹਾਂ ਦੀ ਵਰਤੋਂ ਦੇ ਨਿਯਮਾਂ ਉਪਰ ਰੋਸ਼ਨੀ ਪਾਉ । *15*

(c) ਗੁਰਮਤਿ ਸਾਹਿਤ ਅਤੇ ਮੱਧਕਾਲੀ ਸੂਫ਼ੀ ਸਾਹਿਤ ਪਰੰਪਰਾ ਵਿਚਲੀਆਂ ਮਾਨਵਵਾਦੀ ਅਤੇ ਨੈਤਿਕ ਧਾਰਨਾਵਾਂ ਬਾਰੇ ਚਰਚਾ ਕਰੋ । *15*

Optional Province · optionalprovince.com

Q3. (a) ਸਮਾਸ ਅਤੇ ਵਾਕੰਸ਼ ਵਿੱਚ ਕੀ ਅੰਤਰ ਹਨ ? ਉੱਤਰ ਉਦਾਹਰਣਾਂ ਦੇ ਕੇ ਸਪਸ਼ਟ ਕਰੋ । *20*

(b) ਪੰਜਾਬੀ ਭਾਸ਼ਾ ਦੀ ਧੁਨੀ-ਵਿਉਂਤ ਦੇ ਨਿਯਮਾਂ ਨੂੰ ਧਿਆਨ ਵਿਚ ਰਖਦਿਆਂ, ਇਸ ਦੀਆਂ ਵਿਅੰਜਨ-ਧੁਨੀਆਂ ਦਾ ਵਰਗੀਕਰਨ ਕਰੋ । *15*

(c) ਪੰਜਾਬੀ ਸੁਰ ਪ੍ਰਣਾਲੀ ਦੀਆਂ ਪ੍ਰਮੁੱਖ ਵਿਸ਼ੇਸ਼ਤਾਵਾਂ ਕੀ ਹਨ ? ਵਿਸਥਾਰ ਸਹਿਤ ਚਰਚਾ ਕਰੋ । *15*

Q4. (a) ਮੱਧਕਾਲੀ ਪੰਜਾਬੀ ਸਾਹਿਤ ਪਰੰਪਰਾ ਵਿੱਚ ਵਾਰ ਅਤੇ ਜਨਮਸਾਖੀ ਪਰੰਪਰਾ ਬਾਰੇ ਵਿਸਤ੍ਰਿਤ ਜਾਣਕਾਰੀ ਦਿਉ । ਇਹ ਵੀ ਚਰਚਾ ਦਾ ਵਿਸ਼ਾ ਬਣਾਉ ਕਿ, ਕੀ ਜਨਮਸਾਖੀਆਂ ਨੂੰ ਆਧੁਨਿਕ ਵਾਰਤਕ ਦਾ ਮੁਢਲਾ ਸਰੋਤ ਮੰਨਿਆ ਜਾ ਸਕਦਾ ਹੈ । *20*

(b) ਪੰਜਾਬੀ ਸ਼ੁਫ਼ੀ-ਕਵਿਤਾ ਦੇ ਪ੍ਰਮੁੱਖ ਤਿੰਨ ਪੜਾਅ ਕਿਹੜੇ ਹਨ ? ਉਨ੍ਹਾਂ ਨੂੰ ਚਰਚਾ ਦਾ ਵਿਸ਼ਾ ਬਣਾਉ । *15*

(c) ਪੰਜਾਬੀ-ਨਾਵਾਂ ਦੇ ਕਾਰਕੀ-ਰੂਪਾਂਤਰਣ ਤੋਂ ਕੀ ਭਾਵ ਹੈ ? ਚਰਚਾ ਕਰੋ । *15*

Optional Province · optionalprovince.com

SECTION B

Q5. ਹੇਠ ਲਿਖੇ ਸਾਰੇ ਪ੍ਰਸ਼ਨਾਂ ਦੇ ਉੱਤਰ ਦਿਉ । ਹਰ ਪ੍ਰਸ਼ਨ ਦਾ ਉੱਤਰ ਲਗਭਗ 150 ਸ਼ਬਦਾਂ ਤੱਕ ਸੀਮਿਤ ਰੱਖੋ । ***10×5=50***

(a) ਆਧੁਨਿਕ ਪੰਜਾਬੀ ਕਾਵਿ-ਧਾਰਾਵਾਂ ਵਿੱਚੋਂ ਪ੍ਰਗਤੀਵਾਦੀ ਅਤੇ ਪ੍ਰਯੋਗਵਾਦੀ ਕਾਵਿ-ਧਾਰਾ ਦਾ ਵਿਚਾਰਧਾਰਾ ਦੀ ਦ੍ਰਿਸ਼ਟੀ ਤੋਂ ਤੁਲਨਾਤਮਕ ਅਧਿਐਨ ਕਰੋ । *10*

(b) ਹਰਿਭਜਨ ਸਿੰਘ ਦੀ ਕਵਿਤਾ ਨੂੰ ਸੁਹਜਵਾਦੀ ਕਿਉਂ ਕਿਹਾ ਜਾਂਦਾ ਹੈ ? ਤਰਕ ਸਹਿਤ ਚਰਚਾ ਕਰੋ । *10*

(c) ਪੰਜਾਬੀ ਨਾਟਕ ਵਿੱਚ ਆਈ.ਸੀ. ਨੰਦਾ, ਹਰਚਰਨ ਸਿੰਘ ਅਤੇ ਬਲਵੰਤ ਗਾਰਗੀ ਦੇ ਮਹੱਤਵ ਬਾਰੇ ਸੰਖੇਪ ਚਰਚਾ ਕਰੋ । *10*

(d) ਪੰਜਾਬੀ ਵਾਰਤਕ ਦੇ ਵਿਕਾਸ ਵਿੱਚ, ਗੁਰਬਖ਼ਸ਼ ਸਿੰਘ 'ਪ੍ਰੀਤਲੜੀ' ਦੇ ਯੋਗਦਾਨ ਨੂੰ ਉੱਭਾਰੋ । *10*

(e) ਸੰਤ ਸਿੰਘ ਸੇਖੋਂ, ਅਤਰ ਸਿੰਘ, ਕਿਸ਼ਨ ਸਿੰਘ, ਹਰਿਭਜਨ ਸਿੰਘ, ਨਜਮ ਹੁਸੈਨ ਸੱਯਦ ਨੂੰ, ਪੰਜਾਬੀ ਸਾਹਿਤ-ਆਲੋਚਨਾ ਦੇ ਪੰਜ ਥੰਮ੍ਹ ਕਿਉਂ ਕਿਹਾ ਜਾਂਦਾ ਹੈ ? ਦਲੀਲਾਂ ਸਹਿਤ ਚਰਚਾ ਕਰੋ । *10*

Q6. (a) 'ਲੋਕ ਕਹਾਣੀ' ਤੇ 'ਨਿੱਕੀ-ਕਹਾਣੀ' ਵਿੱਚਲਾ ਅੰਤਰ ਸਪੱਸ਼ਟ ਕਰਦਿਆਂ, ਪ੍ਰੋ. ਸੁਜਾਨ ਸਿੰਘ ਦੀ ਕਹਾਣੀ-ਕਲਾ ਉਪਰ ਟਿੱਪਣੀ ਕਰੋ । *20*

(b) ਲੋਕ-ਗੀਤਾਂ ਦੀ ਸਿਰਜਣ ਪ੍ਰਕਿਰਿਆ, ਮਹੱਤਵ ਅਤੇ ਪ੍ਰਮੁੱਖ ਵਿਸ਼ਿਆਂ 'ਤੇ ਚਰਚਾ ਕਰਦਿਆਂ, ਇਨ੍ਹਾਂ ਦੇ ਵੱਖੋ-ਵੱਖਰੇ ਰੂਪਾਂ ਦੀ ਪਛਾਣ ਕਰਵਾਉ । *15*

(c) ਨਜਮ ਹੁਸੈਨ ਸੱਯਦ ਦੀ ਆਲੋਚਨਾ ਦ੍ਰਿਸ਼ਟੀ ਦੀਆਂ ਵਿਲੱਖਣਤਾਵਾਂ ਦੀ ਚਰਚਾ ਕਰੋ । ਉਸ ਦੁਆਰਾ ਵਰਤੀ ਗਈ ਸਿਰਜਣਾਤਮਿਕ ਭਾਸ਼ਾ ਦੀ ਖ਼ੂਬੀ ਬਾਰੇ ਵੀ ਵਿਚਾਰ ਕਰੋ । *15*

Optional Province · optionalprovince.com

Q7. (a) 1960 ਤੋਂ ਬਾਅਦ ਦੇ ਪੰਜਾਬੀ ਨਾਟਕ ਦੀ ਪ੍ਰਮੁੱਖ ਪ੍ਰਵਿਰਤੀਆਂ ਦੇ ਇਤਿਹਾਸਕ ਅਤੇ ਵਿਚਾਰਧਾਰਕ ਪਰਿਪੇਖ ਬਾਰੇ ਚਰਚਾ ਕਰੋ । *20*

(b) ਪੰਜਾਬੀ ਨਾਟਕ ਨੂੰ, 'ਬਲਵੰਤ ਗਾਰਗੀ ਦੀ ਦੇਣ' ਵਿਸ਼ੇ ਉੱਤੇ, ਨਿੱਠ ਕੇ ਚਰਚਾ ਕਰੋ । *15*

(c) ਡਾ. ਹਰਿਭਜਨ ਸਿੰਘ ਨੂੰ ਪੰਜਾਬੀ-ਸਮੀਖਿਆ ਦੇ 'ਦਿੱਲੀ ਸਕੂਲ' ਦਾ ਬਾਨੀ (ਫਾਊਂਡਰ) ਕਿਉਂ ਕਿਹਾ ਜਾਂਦਾ ਹੈ ? ਦਲੀਲਾਂ ਸਹਿਤ ਚਰਚਾ ਕਰੋ । *15*

Q8. (a) ਦੇਸ਼ ਦੀ ਵੰਡ ਤੋਂ ਬਾਅਦ ਦੀ ਪੰਜਾਬੀ ਵਾਰਤਕ 'ਤੇ ਪੱਛਮੀ ਸਾਹਿਤ ਦਾ ਕੀ ਪ੍ਰਭਾਵ ਪਿਆ ? ਤੇਜਾ ਸਿੰਘ ਅਤੇ ਗੁਰਬਖ਼ਸ਼ ਸਿੰਘ ਦੀ ਵਾਰਤਕ ਕਲਾ ਨੇ ਇਹ ਪ੍ਰਭਾਵ ਵਿਸ਼ੇ ਅਤੇ ਰੂਪ ਦੇ ਪੱਖ ਤੋਂ ਕਿਵੇਂ ਕਬੂਲਿਆ, ਚਰਚਾ ਕਰੋ । *20*

(b) ਪ੍ਰੇਮ ਪ੍ਰਕਾਸ਼ ਅਤੇ ਵਰਿਆਮ ਸੰਧੂ ਦੀ ਕਹਾਣੀ-ਕਲਾ ਦੀਆਂ ਪ੍ਰਮੁੱਖ ਵਿਸ਼ੇਸ਼ਤਾਵਾਂ ਬਾਰੇ ਦੱਸੋ । *15*

(c) ਪੰਜਾਬੀ ਨਾਵਲ ਨੂੰ, ਨਾਨਕ ਸਿੰਘ ਦੀ ਵੱਡੀ ਦੇਣ ਕੀ ਹੈ ? ਦਲੀਲਾਂ ਸਹਿਤ ਚਰਚਾ ਕਰੋ । *15*

Optional Province · optionalprovince.com